Exam.Code:5051
Sub. Code: 13812

2125

B.Sc. (Hons.) Biotechnology, (FYUP) First Semester
Punjabi
PUNC-101: Punjabi Kahani Ate Viharak Punjabi
(Common with B.Sc. Bioinformatics, B.Sc. MFT, B.Sc. FD and B.Sc. Data Analytics 1st Semester NEP)

Time allowed: 3 Hours Max. Marks: 45

*x-x-x*

(ਭਾਗ ਪਹਿਲਾ)

1. ਹੇਠ ਲਿਖੇ ਵਿਚੋਂ ਕਿਸੇ ਦੋ ਪ੍ਰਸ਼ਨਾਂ ਦਾ ਉਤਰ ਲਿਖੋ:-

(ੳ) ਕਹਾਣੀ ਕੀ ਹੈ ਅਤੇ ਉਸ ਦੇ ਤੱਤਾਂ ਤੇ ਨੋਟ ਲਿਖੋ।

(ਅ) 'ਬਸ਼ੀਰਾ' ਕਹਾਣੀ ਦਾ ਵਿਸ਼ਾ-ਵਸਤੂ ਅਤੇ ਸਾਰ ਲਿਖੋ।

(ੲ) ਸੁਜਾਨ ਸਿੰਘ ਦਾ ਜੀਵਨ ਰਚਨਾ ਤੇ ਸਾਹਤਿਕ ਯੋਗਦਾਨ ਤੇ ਨੋਟ ਲਿਖੋ। 2 X10=20

2. ਹੇਠ ਲਿਖੇ ਵਿਚੋਂ ਕਿਸੇ ਪੰਜ ਪ੍ਰਸ਼ਨਾਂ ਦਾ ਉਤਰ ਲਿਖੋ:-

(I) 'ਪੰਜਾਬੀ ਕਥਾ ਕਿਤਾਬ' ਕਿਸ ਲੇਖਕ ਦੁਆਰਾ ਸੰਪਾਦਕ ਕੀਤੀ ਗਈ ਹੈ?
(II) ਗੁਰਦਿਆਲ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
(III) 'ਰੱਬ ਤੇ ਰੁੱਤਾਂ' ਕਹਾਣੀ ਕਿਸ ਲੇਖਕ ਦੁਆਰਾ ਲਿਖੀ ਗਈ ਹੈ?
(IV) ਦਲੀਪਾ ਕਿਸ ਕਹਾਣੀ ਦਾ ਪਾਤਰ ਹੈ?
(V) ਕੁਰਸੀ ਕਹਾਣੀ ਵਿਚ ਕਿਹੜੀ ਮੁੱਖ ਸਮੱਸਿਆ ਪੇਸ਼ ਕੀਤੀ ਗਈ ਹੈ?
(VI) ਵਰਿਆਮ ਸਿੰਘ ਸੰਧੂ ਦੀ ਕਿਹੜੀ ਕਹਾਣੀ 'ਪੰਜਾਬੀ ਕਥਾ ਕਿਤਾਬ'ਪੁਸਤਕ ਵਿਚ ਦਰਜ ਹੈ?
(VII) 'ਏਹੁ ਨਿਦੋਸਾ ਮਾਰੀਐ'ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ।
(VIII) 'ਸਵਰਗ ਦੀ ਝਲਕ'ਕਹਾਣੀ ਵਿਚ ਕਹਾਣੀ-ਵਾਚਕ ਰਿਕਸ਼ੇ ਉੱਪਰ ਚੜ੍ਹਨ ਤੋਂ ਕਿਉਂ ਨਫਰਤ ਕਰਦਾ ਹੈ
(IX) ਮੋਹਨ ਭੰਡਾਰੀ ਦੇ ਦੋ ਕਹਾਣੀ-ਸੰਗ੍ਰਹਿਾਂ ਦੇ ਨਾਮ ਲਿਖੋ।
(X) 'ਅੱਧਾ ਪੁੱਲ' ਕਿਸ ਲੇਖਕ ਦੀ ਰਚਨਾ ਹੈ? 5X2=10

(ਭਾਗ ਦੂਜਾ)

3. ਹੇਠ ਲਿਖੇ ਪੈਰ੍ਹੇ ਦੀ ਪ੍ਰੈਸੀ ਰਚਨਾ ਕਰੋ। 5X1= 5

ਪੰਜਾਬੀ ਸੱਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸੱਭਿਆਚਾਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁਝ ਲੋਕ ਕਹਿੰਦੇ ਹਨ। ਇਹ ਤਾਂ ਬਹੁਤ ਚੇਤਨ, ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰ ਤੋਂ ਖਿਸਕਿਆ ਹੋਇਆ ਹੈ। ਇਸੇ ਕਰਕੇ ਉਹ ਇਸ ਪ੍ਰਤੀ ਚਿਤੰਨ ਅਤੇ ਵਫ਼ਾਦਾਰ ਨਹੀਂ ਹੈ। ਪੰਜਾਬੀ ਸੱਭਿਆਚਾਰ ਚੇਤਨ ਪੱਧਰ 'ਤੇ ਆਪਣੇ ਵਿੱਚ ਬਹੁਤ ਕੁਝ ਸਮੇਟੀ ਬੈਠਾ ਹੈ। ਪੰਜ ਨਦੀਆਂ ਦਾ ਦੇਸ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ ਜਿਨ੍ਹਾਂ ਨਾਲ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ ਚ ਭਾਈ ਕਨ੍ਹੱਈਆ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ

Contd.......P/2

ਜਾਪਦੇ ਹਨ, ਉਸ ਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ। ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ। ਲਗਨ, ਮਿਹਨਤ, ਸੰਕਟ ਵਿੱਚ ਵੀ ਭਰੋਸਾ, ਚੜ੍ਹਦੀ ਕਲਾ, ਸ਼ਾਸਤਰ ਤੇ ਸ਼ਸਤਰ ਪ੍ਰਤਿ ਪ੍ਰਤਿਬੱਧਤਾ, ਕੌਮਾਂਤਰੀ ਪਰਿਪੇਖ ਪ੍ਰਤਿ ਜਾਗਰੂਕਤਾ ਆਦਿ। ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲਾ ਪੱਖ ਹੀ ਉਸਾਰਦੇ ਹਨ। ਸੋ, ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤੀ ਚਿੰਤਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ।

4. **ਹੇਠ ਲਿਖੇ ਅਖਾਣ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਦੀ ਵਾਕਾਂ ਵਿੱਚ ਵਰਤੋਂ ਕਰੋ।** 5X1= 5

(I) ਉੱਨੀ-ਇੱਕੀ ਦਾ ਫ਼ਰਕ ਹੋਣਾ

(II) ਕਬਰਾਂ ਦੇ ਮੁਰਦੇ ਪੁੱਟਣਾ

(III) ਗਲ਼ਾ ਭਰ ਆਉਣਾ

(IV) ਢਿੱਡ ਵਿੱਚ ਚੂਹੇ ਨੱਚਣਾ

(V) ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ

(VI) ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ

(VII) ਖ਼ੁਆਜੇ ਦਾ ਗਵਾਹ ਡੱਡੂ

5. **ਹੇਠ ਲਿਖੇ ਅੰਗਰੇਜ਼ੀ ਪੈਰ੍ਹੇ ਦਾ ਪੰਜਾਬੀ ਅਨੁਵਾਦ ਕਰੋ।** 5X1= 5

Education is one of the most powerful tools for the development of both the individual and society. It provides knowledge, shapes character, and prepares a person to face the challenges of life with confidence. A well-educated person is not only aware of his or her rights but also understands duties towards family, community, and nation. In modern times, education has become the foundation of progress in every field, whether it is science, technology, medicine, or the arts. Without education, a society cannot grow, and people remain trapped in ignorance and poverty. At the same time, true education is not limited to acquiring degrees or passing examinations. It means developing the ability to think critically, to distinguish between right and wrong, and to live with moral values. Teachers, parents, and institutions all play an important role in this process. They must ensure that education is not only about memorizing facts but also about building creativity, discipline, and compassion. Today, with the rapid growth of digital technology, students have access to vast amounts of information. However, it is important to use this information wisely and ethically.

*x-x-x*